ਮਿੱਠੇ ਬੱਚੇ:- "ਮਿੱਠੇ ਬੱਚੇ :- ਹੁਣ ਤੁਹਾਨੂੰ ਪਵਿੱਤਰ ਜੀਵਾਤਮਾ ਬਣਨਾ ਹੈ। ਇਸ ਸਮੇਂ ਕੋਈ ਪਵਿੱਤਰ ਜੀਵਾਤਮਾ ਨਹੀਂ ਹੈ ਇਸਲਈ ਆਪਣੇ ਨੂੰ ਮਹਾਤਮਾ ਵੀ ਨਹੀਂ ਕਹਿ ਸਕਦੇ"।

ਪ੍ਰਸ਼ਨ:- ਸਤਿਯੁਗ ਦੀ ਰਾਜਾਈ ਦਾ ਇਨਾਮ ਕਿਨ੍ਹਾਂ ਬੱਚਿਆਂ ਨੂੰ ਮਿਲਦਾ ਹੈ?

ਉੱਤਰ:- ਜੋ ਸ਼੍ਰੀਮਤ ਤੇ ਯਾਦ ਦੀ ਰੇਸ ਵਿੱਚ ਨੰਬਰਵਨ ਜਾਂਦੇ ਹਨ, ਉਹਨਾਂ ਨੂੰ ਹੀ ਰਾਜਾਈ ਦਾ ਇਨਾਮ ਮਿਲਦਾ ਹੈ। ਤਿੱਖੀ ਰੇਸ ਹੋਵੇਗੀ ਤਾਂ ਰਜਿਸਟਰ ਵਿੱਚ ਨਾਮ ਚੰਗਾ ਹੋਵੇਗਾ ਅਤੇ ਇਨਾਮ ਦੇ ਅਧਿਕਾਰੀ ਬਣੋਂਗੇ। ਤੁਸੀਂ ਬੱਚੇ ਦੂਰਦੇਸ਼ੀ ਬਣ ਬੜੀ ਦੂਰ ਦੀ ਰੇਸ ਕਰਦੇ ਹੋ। ਇੱਕ ਸੈਕਿੰਡ ਵਿੱਚ ਨਿਸ਼ਾਨ ਤੱਕ (ਪਰਮਧਾਮ ਤੱਕ) ਪਹੁੰਚ ਵਾਪਿਸ ਮੁੜਕੇ ਆਉਂਦੇ ਹੋ। ਤੁਹਾਡੀ ਬੁੱਧੀ ਵਿੱਚ ਹੈ ਪਹਿਲੇ ਅਸੀਂ ਮੁਕਤੀ ਵਿੱਚ ਜਾਵਾਂਗੇ ਫਿਰ ਜੀਵਨਮੁਕਤੀ ਵਿੱਚ ਆਵਾਂਗੇ। ਤੁਹਾਡੇ ਵਰਗੀ ਰੇਸ ਹੋਰ ਕੋਈ ਕਰ ਨਹੀਂ ਸਕਦਾ।

ਗੀਤ:- ਆਖਿਰ ਉਹ ਦਿਨ ਆਇਆ ਆਜ...

ਓਮ ਸ਼ਾਂਤੀ। ਇਹ ਕੌਣ ਜਾਣਦੇ ਹਨ ਕਿ ਆਖਿਰ ਉਹ ਦਿਨ ਆਇਆ ਅੱਜ? ਬੱਚੇ ਜਾਣਦੇ ਹਨ ਆਖਿਰ ਉਹ ਦਿਨ ਆਇਆ ਅੱਜ। ਜੋ ਅਸੀਂ ਬਾਪ ਦੇ ਸਮੁੱਖ ਹੋਏ ਹਾਂ। ਆਤਮਾ ਕਹਿੰਦੀ ਹੈ ਇਸ ਸ਼ਰੀਰ ਦਵਾਰਾ। ਹੁਣ ਤੁਸੀਂ ਬੈਠੇ ਹੋ, ਜਾਣਦੇ ਹੋ ਅਸੀਂ ਆਤਮਾਵਾਂ ਹੁਣ ਪਰਮਪਿਤਾ ਪਰਮਾਤਮਾ ਦੇ ਸਮੁੱਖ ਬੈਠੀ ਹਾਂ। ਬਰੋਬਰ ਪੰਜ ਹਜਾਰ ਵਰ੍ਹੇ ਪਹਿਲੇ ਵੀ ਅਸੀਂ ਆਤਮਾਵਾਂ ਯਾਨੀ ਜੀਵ ਦੀ ਆਤਮਾਵਾਂ, ਪਰਮਾਤਮਾ ਦੇ ਸਮੁਖ ਮਿਲੀ ਸੀ। ਆਤਮਾ ਕਹਿੰਦੀ ਹੈ ਮੇਰਾ ਇਹ ਸ਼ਰੀਰ ਹੈ। ਸ਼ਰੀਰ ਨਹੀਂ ਕਹੇਗਾ - ਮੇਰੀ ਇਹ ਆਤਮਾ ਹੈ। ਅਸੀਂ ਆਤਮਾਵਾਂ ਦਾ ਬਾਪ ਆਖਿਰ ਅੱਜ ਆਇਆ ਹੈ। ਆਉਣਾ ਵੀ ਜਰੂਰ ਹੈ, ਭਗਤੀ ਦੇ ਬਾਅਦ ਗਿਆਨ ਦੇਣ ਲਈ। ਗਿਆਨ ਨਾਲ ਸਦਗਤੀ ਕਰਨ ਲਈ ਆਖਿਰ ਆਇਆ ਹੈ। ਇਹ ਸਾਰੀ ਦੁਨੀਆਂ ਨਹੀਂ ਜਾਣਦੀ। ਸਾਰੀ ਦੁਨੀਆਂ ਦੇ ਸਮੁੱਖ ਹੋ ਵੀ ਨਹੀਂ ਸਕਣਗੇ। ਤੁਸੀਂ ਬੱਚਿਆਂ ਨੂੰ ਨੰਬਰਵਾਰ ਪੁਰਸ਼ਾਰਥ ਅਨੁਸਾਰ ਨਿਸ਼ਚੇ ਹੈ। ਪਹਿਲੇ ਤਾਂ ਆਤਮਾ ਨਿਸ਼ਚੇ ਕਰਦੇ ਹਨ, ਫਿਰ ਨਿਸ਼ਚੇ ਕਰਦੇ ਹਨ ਸਾਡਾ ਬਾਪ ਆਇਆ ਹੋਇਆ ਹੈ। ਤੁਸੀਂ ਸਮਝਦੇ ਹੋਵੋਗੇ ਇਵੇਂ ਸਭ ਨਿਸ਼ਚੇ ਕਰਦੇ ਹਨ। ਪਰ ਇਵੇਂ ਵੀ ਨਹੀਂ ਹੈ। ਇਹ ਅਜਿਹਾ ਵਚਿੱਤਰ ਗਏ ਜੋ ਘਰੀ - ਘੜੀ ਭੁੱਲ ਜਾਂਦਾ ਹੈ। ਅਸੀਂ ਆਤਮਾ ਹਾਂ, ਪਰਮਪਿਤਾ ਪਰਮਾਤਮਾ ਦੇ ਸਮੁਖ਼ ਹਾਂ - ਇਹ ਭੁੱਲ ਜਾਂਦੇ ਹਨ। ਇਹ ਤੇ ਦੁਨੀਆਂ ਵੀ ਜਾਣਦੀ ਹੈ ਪਤਿਤ ਜੀਵ ਆਤਮਾਵਾਂ ਨੂੰ ਪਾਵਨ ਬਣਾਉਣ ਵਾਲਾ ਪਰਮਪਿਤਾ ਪਰਮਾਤਮਾ ਆਉਂਦੇ ਹਨ। ਜੀਵ ਆਤਮਾਵਾਂ, ਆਤਮਾਵਾਂ ਨੂੰ ਪਵਿੱਤਰ ਬਣਾਉਣ ਨਹੀਂ ਆਉਂਦੀ। ਸਭ ਜੀਵ ਆਤਮਾਵਾਂ ਹਨ, ਪਰਮਪਿਤਾ ਪਰਮਾਤਮਾ ਇੱਕ ਹੀ ਹੈ, ਉਹਨਾਂ ਨੂੰ ਜੀਵ ਨਹੀਂ ਕਹਾਂਗੇ ਉਹਨਾਂ ਨੂੰ ਕੋਈ ਸਥੂਲ - ਸੂਕ੍ਸ਼੍ਮ ਸ਼ਰੀਰ ਨਹੀਂ ਹੈ। ਇਹ ਬਾਪ ਬੈਠ ਸਮਝਾਉਂਦੇ ਹਨ। ਤੁਸੀਂ ਜੋ ਵੀ ਨਾਮਧਾਰੀ ਦੇਖਦੇ ਹੋ, ਬ੍ਰਹਮਾ, ਵਿਸ਼ਨੂੰ, ਸ਼ੰਕਰ ਦਾ ਚਿੱਤਰ ਦੇਖਦੇ ਹੋ ਉਹ ਸੂਕ੍ਸ਼੍ਮਵਤਨ ਵਿੱਚ ਰਹਿੰਦੇ ਹਨ। ਉਹ ਵੀ ਸੂਖਸ਼ਮ ਜੀਵ ਆਤਮਾਵਾਂ ਠਹਿਰੇ। ਇਹ ਬੜੀਆਂ ਸਮਝਣ ਦੀਆਂ ਗੱਲਾਂ ਹਨ। ਮਨੁੱਖ ਤਾਂ ਕਹਿੰਦੇ ਹਨ ਕਿ ਫ਼ਲਾਣਾ ਮਹਾਤਮਾ ਹੈ। ਪਰ ਪਤਿਤ ਦੁਨੀਆਂ ਵਿੱਚ ਮਹਾਤਮਾ ਆ ਕਿਥੋਂ ਤੋਂ ਸਕਦੇ! ਇੱਥੇ ਕੋਈ ਸੁਪ੍ਰੀਮ ਪਾਵਨ ਹੋ ਨਾ ਸਕੇ। ਹਾਂ, ਉਹ ਸੁਪ੍ਰੀਮ ਬਾਪ ਪਾਵਨ ਬਣਾ ਕੇ ਗਏ ਹਨ। ਸਤਿਯੁਗ ਆਦਿ ਵਿੱਚ ਦੇਵੀ - ਦੇਵਤੇ ਸਨ। ਇਹ ਤਾਂ ਜਰੂਰ ਸਮਝਣਗੇ ਕਿ ਪਵਿੱਤਰ ਆਤਮਾਵਾਂ ਸਨ, ਹੁਣ ਪਤਿਤ ਜੀਵ ਆਤਮਾਵਾਂ ਹਨ। ਪਾਵਨ ਜੀਵ ਆਤਮਾਵਾਂ ਵੀ ਸਨ। ਬਰੋਬਰ ਸਤਿਯੁਗ ਆਦਿ ਤੋਂ ਸ੍ਰਿਸ਼ਟੀ ਤੇ ਪਵਿੱਤਰ ਜੀਵ ਆਤਮਾਵਾਂ ਸਨ। ਉਹਨਾਂ ਨੂੰ ਮਹਾਨ ਆਤਮਾਵਾਂ ਕਹਾਂਗੇ। ਬਾਪ ਸਮਝਾਉਂਦੇ ਹਨ ਪਤਿਤ ਦੁਨੀਆਂ ਵਿੱਚ ਕੋਈ ਵੀ ਮਹਾਨ ਆਤਮਾ ਹੋ ਨਹੀਂ ਸਕਦੇ। ਸਭ ਪਤਿਤ ਜੀਵ ਆਤਮਾਵਾਂ ਹਨ। ਪਤਿਤ ਜੀਵ ਆਤਮਾਵਾਂ ਜਰੂਰ ਹੋਰਾਂ ਨੂੰ ਵੀ ਪਵਿੱਤਰ ਹੀ ਬਣਾਉਣਗੀਆਂ। ਉੱਥੇ ਹਨ ਪਵਿਤ੍ਰ ਜੀਵ ਆਤਮਾਵਾਂ। ਤਾਂ ਕੀ ਕਰਨਗੇ? ਇਵੇਂ ਤਾਂ ਨਹੀਂ ਕਿ ਪਵਿਤ੍ਰ ਜੀਅ ਆਤਮਾ ਬਨਾਉਣਗੇ। ਨਹੀਂ। ਉੱਥੇ ਬਣਾਉਣ ਦੀ ਗੱਲ ਨਹੀਂ ਰਹਿੰਦੀ। ਇਸ ਸਮੇਂ ਸਭ ਪਵਿੱਤਰ ਆਤਮਾਵਾਂ ਬਣਦੀਆਂ ਹਨ। ਉੱਥੇ ਤਾਂ ਹੈ ਹੀ ਸਭ ਪਾਵਨ। ਐਨਾ ਪਾਵਨ ਬਣਾਉਣ ਵਾਲਾ ਕੌਣ? ਬਾਪ ਬੈਠ ਸਮਝਾਉਂਦੇ ਹਨ ਤੁਸੀਂ ਜਦੋਂ ਦੇਵੀ - ਦੇਵਤੇ ਸੀ ਤਾਂ ਪਾਵਨ ਸੀ। ਇੱਥੇ ਆਕੇ ਪਤਿਤ ਬਣੇ ਹੋ। ਇਹ ਹੈ ਹੀ ਪਾਪ ਆਤਮਾਵਾਂ ਦੀ ਦੁਨੀਆਂ। ਅੱਖਰ ਬਿਲਕੁਲ ਕਲੀਅਰ ਸਮਝਣਾ ਹੈ - ਪਾਪ ਜੀਵ ਆਤਮਾ ਕਿਉਂਕਿ ਆਤਮਾ ਵੀ ਪਤਿਤ ਹੈ, ਸ਼ਰੀਰ ਵੀ ਪਤਿਤ ਹੈ। ਉੱਥੇ ਫਿਰ ਮਹਾਤਮਾ ਅੱਖਰ ਨਹੀਂ ਦਿੰਦੇ। ਉੱਥੇ ਤਾਂ ਹਨ ਹੀ ਸਭ ਪਵਿੱਤਰ, ਕਹਿੰਦੇ ਹੋ ਦੇਵੀ - ਦੇਵਤੇ ਹਨ। ਸਰਵਗੁਣ ਸੰਪੰਨ, 16 ਕਲਾ ਸੰਪੂਰਨ, ਅਹਿੰਸ਼ਾ ਪਰਮੋ ਧਰਮ ਜੀਵ ਆਤਮਾਵਾਂ ਹਨ। ਸੰਪੂਰਨ ਨਿਰਵਿਕਾਰੀ ਮਤਲਬ ਸੰਪੂਰਨ ਪਵਿੱਤਰ। ਤੁਹਾਨੂੰ ਬੱਚਿਆਂ ਨੂੰ ਸਮਝਾਇਆ ਜਾਂਦਾ ਹੈ ਸੰਨਿਆਸੀ ਪਵਿੱਤਰ ਰਹਿਣ ਦੇ ਲਈ ਪੁਰਸ਼ਾਰਥੀ ਹਨ। ਚੰਗੇ - ਚੰਗੇ ਸੰਨਿਆਸੀ ਪਵਿੱਤਰ ਰਹਿੰਦੇ ਹਨ, ਜਿਨ੍ਹਾਂ ਨੂੰ ਮਹਾਤਮਾ ਕਿਹਾ ਜਾਂਦਾ ਹੈ। ਪਵਿੱਤਰ ਰਹਿਣ ਦੇ ਲਈ ਵੱਖ ਰਹਿੰਦੇ ਹਨ। ਪਰ ਉਹ ਤਾਂ ਹਨ ਨਿਵ੍ਰਿਤੀ ਮਾਰਗ ਵਾਲੇ। ਉਹਨਾਂ ਨੂੰ ਭਗਤੀ ਮਾਰਗ ਵਿੱਚ ਮਹਾਤਮਾ ਕਹਾਂਗੇ, ਗਿਆਨ ਮਾਰਗ ਵਿੱਚ ਨਹੀਂ। ਗਿਆਨ ਅਤੇ ਭਗਤੀ ਦੋਵੇਂ ਵੱਖ - ਵੱਖ ਗਾਏ ਜਾਂਦੇ ਹਨ। ਅੱਧਾਕਲਪ ਸਤਿਯੁਗ - ਤ੍ਰੇਤਾ ਵਿੱਚ ਗਿਆਨ ਦੀ ਪ੍ਰਾਲਬੱਧ ਹੈ, ਇੱਥੇ ਫਿਰ ਭਗਤੀ ਦੀ ਪ੍ਰਾਲਬੱਧ ਕਹਾਂਗੇ। ਇਹ ਹੈ ਭਗਤੀ ਮਾਰਗ। ਪਹਿਲੇ ਭਗਤੀ ਵੀ ਵਿਅਭਚਾਰੀ ਹੁੰਦੀ ਹੈ ਫਿਰ ਅੰਤ ਵਿੱਚ ਤਮੋਪ੍ਰਧਾਨ ਵਿਅਭਚਾਰੀ ਭਗਤੀ ਹੁੰਦੀ ਹੈ। ਹੁਣ ਵਿਅਭਚਾਰੀ ਭਗਤੀ ਦਾ ਅੰਤ ਹੋਣਾ ਹੈ, ਤਾਂ ਬਾਪ ਆਏ ਹਨ। ਬਾਪ ਇੱਕ ਹੀ ਵਾਰ ਆਕੇ ਗਿਆਨ ਨਾਲ ਅੱਧਾਕਲਪ ਦੇ ਲਈ ਤੁਹਾਡੀ ਪ੍ਰਾਲਬੱਧ ਬਣਾਉਂਦੇ ਹਨ।

ਤੁਸੀਂ ਨੰਬਰਵਨ ਪੁਰਸ਼ਾਰਥ ਕਰਦੇ ਹੋ। ਕਈ ਤਾਂ ਰਾਜਾ ਰਾਣੀ ਬਣਦੇ ਹਨ, ਕੋਈ ਫਿਰ ਪ੍ਰਜਾ ਜਾਂ ਦਾਸ ਦਾਸੀ ਬਣ ਜਾਂਦੇ ਹਨ ਕਿਉਂਕਿ ਰਾਜਧਾਨੀ ਸਥਾਪਨ ਹੋ ਰਹੀ ਹੈ।

ਤੁਸੀਂ ਹੁਣ ਦੂਰਾਦੇਸ਼ੀ ਬੁੱਧੀ ਬਣਦੇ ਹੋ। ਦੂਰਾਦੇਸ਼ੀ ਬੁੱਧੀ ਨੂੰ ਤ੍ਰਿਕਾਲਦਰਸ਼ੀ ਕਿਹਾ ਜਾਂਦਾ ਹੈ। ਜਿਨ੍ਹਾਂ ਨੂੰ ਤਿੰਨਾਂ ਲੋਕਾਂ ਤਿੰਨਾਂ ਕਾਲਾਂ ਦਾ ਗਿਆਨ ਹੈ ਉਹਨਾਂ ਨੂੰ ਤ੍ਰਿਕਾਲਦਰਸ਼ੀ ਕਿਹਾ ਜਾਂਦਾ ਹੈ। ਤੁਸੀਂ ਹੁਣ ਤਿੰਨਾਂ ਲੋਕਾਂ ਨੂੰ ਜਾਣਦੇ ਹੋ ਮੂਲਵਤਨ, ਸੂਖਸ਼ਮਵਤ ਅਤੇ ਸਥੂਲਵਤਨ ਤਿੰਨ ਲੋਕ ਹੋਏ ਨਾ। ਤੁਸੀ ਹੁਣ ਦੂਰਦੇਸ਼ੀ ਬਣ ਗਏ ਹੋ। ਤੁਹਾਡੀ ਬੁੱਧੀ ਆਦਿ ਤੋਂ ਅੰਤ ਤੱਕ ਜਾਂਦੀ ਹੈ - ਨੰਬਰਵਾਰ ਪੁਰਸ਼ਾਰਥ ਅਨੁਸਾਰ। ਕਈ ਕਮਜ਼ੋਰ ਹੁੰਦੇ ਹਨ ਜੋ ਰੇਸ ਵਿੱਚ ਪਿੱਛੇ ਰਹਿ ਜਾਂਦੇ ਹਨ। ਇਹ ਤਾਂ ਬਹੁਤ ਵੱਡੀ ਦੂਰਦੇਸ਼ੀ ਰੇਸ ਹੈ। ਆਤਮਾਵਾਂ ਦੀ ਰੇਸ ਕਦੀ ਸੁਣੀ ਨਹੀਂ ਹੋਵੇਗੀ। ਤੁਸੀਂ ਆਤਮਾਵਾਂ ਜਾਣਦੀਆਂ ਹੋ ਅਸੀਂ ਸਟੂਡੈਂਟਸ ਹਾਂ, ਸਾਡੀ ਇਹ ਰੇਸ ਹੈ। ਫਲਾਣੇ ਨਿਸ਼ਾਨੇ ਤੇ ਪਹੁੰਚ ਕੇ ਫਿਰ ਮੁੜਨਾ ਹੈ। ਤੁਸੀਂ ਆਤਮਾਵਾਂ ਦੀ ਇਹ ਬੜੀ ਦੂਰ ਦੀ ਰੇਸ ਹੈ। ਬੁੱਧੀ ਜਾਣਦੀ ਹੈ ਅਸੀਂ ਅਸਲ ਵਿੱਚ ਉਥੋਂ ਦੇ ਰਹਿਣ ਵਾਲੇ ਹਾਂ। ਇੱਕ ਸੈਕਿੰਡ ਵਿੱਚ ਅਸੀਂ ਉੱਥੇ ਪਹੁੰਚ ਜਾਵਾਂਗੇ, ਜੀਵਨਮੁਕਤ ਬਣ ਜਾਵਾਂਗੇ। ਅਸੀਂ ਅਸਲ ਪਰਮਧਾਮ ਦੇ ਨਿਵਾਸੀ ਹਾਂ। ਪੂਰੀ ਤਰ੍ਹਾਂ ਬੁੱਧੀ ਜਾਣਦੀ ਹੈ - ਅਸੀਂ ਪਰਮਧਾਮ ਜਾਵਾਂਗੇ ਫਿਰ ਆਵਾਂਗੇ। ਜਿਵੇਂ ਰੇਸ ਵਿੱਚ ਨਿਸ਼ਾਨ ਤੱਕ ਪਹੁੰਚਕੇ ਫਿਰ ਵਾਪਿਸ ਆਉਣਾ ਹੈ। ਅਸੀਂ ਵੀ ਬਾਬਾ ਦੇ ਕੋਲ ਜਾਵਾਂਗੇ ਫਿਰ ਵਾਪਿਸ ਆਵਾਂਗੇ। ਹੁਣ ਆਤਮਾਵਾਂ ਰੇਸ ਸਿੱਖ ਰਹੀਆਂ ਹਨ ਤੂਸੀ ਸਭਨੂੰ ਕਹਿੰਦੇ ਹੋ ਮਨਮਨਾਭਵ, ਬੁੱਧੀ ਦਾ ਯੋਗ ਆਪਣੇ ਬਾਪ ਅਤੇ ਪਰਮਧਾਮ ਵਿੱਚ ਰੱਖੋ, ਜਿੱਥੇ ਤੁਸੀਂ ਅਸ਼ਰੀਰੀ ਰਹਿੰਦੇ ਹੋ। ਇਹ ਸਿਰਫ਼ ਤੁਹਾਡੀ ਬੁੱਧੀ ਵਿੱਚ ਹੀ ਪੂਰੀ ਤਰ੍ਹਾਂ ਹੈ। ਤਿੰਨਾਂ ਕਾਲਾਂ, ਤਿੰਨਾਂ ਲੋਕਾਂ ਦੀ ਨਾਲੇਜ਼ ਤੁਹਾਡੀ ਬੁੱਧੀ ਵਿੱਚ ਹੈ। 84 ਜਨਮਾਂ ਦਾ ਗਿਆਨ ਹੋਰ ਕਿਸੇ ਵਿੱਚ ਹੋ ਨਹੀਂ ਸਕਦਾ। ਤੁਸੀਂ ਜਾਣਦੇ ਹੋ ਸਾਨੂੰ ਇਸ ਛੀ - ਛੀ ਸ਼ਰੀਰ ਤੋਂ ਮੁਕਤ ਹੋਕੇ ਜਾਣਾ ਹੈ। ਅਸੀਂ ਜਾ ਰਹੇ ਹਾਂ। ਬਾਪ ਰੋਜ਼ ਇਹ ਰੇਸ ਸਿਖਾਉਂਦੇ ਹਨ। ਤੁਹਾਡੀ ਰੇਸ ਅਵਿਨਾਸ਼ੀ ਹੈ। ਬਾਪ ਨੂੰ ਜਿਨਾਂ ਜਾਸਤੀ ਯਾਦ ਕਰੋਂਗੇ ਓਨਾ ਤੁਹਾਡੇ ਰਜਿਸਟਰ ਵਿੱਚ ਚੰਗਾ ਰਹੇਗਾ। ਕਹਿਣਗੇ ਇਹਨਾਂ ਦੀ ਬੁੱਧੀ ਦੀ ਯਾਤਰਾ ਬਹੁਤ ਤਿੱਖੀ ਹੈ। ਯਾਦ ਨਾਲ ਹੀ ਵਿਕਰਮ ਵਿਨਾਸ਼ ਹੋਣਗੇ। ਯਾਦ ਨਹੀਂ ਕਰਦੇ ਹਨ, ਵਿਕਰਮ ਵਿਨਾਸ਼ ਦੇ ਕਾਰਣ ਪਿਛਾੜੀ ਵਿੱਚ ਰਹਿ ਜਾਂਦੇ ਹਨ। ਪ੍ਰਜਾ ਅਤੇ ਦਾਸ - ਦਾਸੀ ਬਣਨਾ ਇਹ ਕੋਈ ਪ੍ਰਾਇਜ਼ ਨਹੀਂ ਹੈ। ਨਰ ਤੋਂ ਨਰਾਇਣ, ਨਾਰੀ ਤੋਂ ਲਕਸ਼ਮੀ ਬਣਨਾ ਇਸਨੂੰ ਇਨਾਮ ਕਿਹਾ ਜਾਂਦਾ ਹੈ। ਬਾਪ ਰਾਜਾਈ ਦਾ ਇਨਾਮ ਦਿੰਦੇ ਹਨ, ਜੇਕਰ ਉਹਨਾਂ ਦੀ ਮਤ ਤੇ ਚਲ ਦੌੜੀ ਲਗਾਈ ਤਾਂ। ਕਈ ਤਾਂ ਦੋ ਕਦਮ ਵੀ ਦੌੜੀ ਨਹੀਂ ਲਗਾਉਂਦੇ ਹਨ। ਜੇਕਰ ਪ੍ਰਜਾ ਵਾਲੇ ਹੋਣਗੇ ਤਾਂ ਬਿਲਕੁਲ ਘੱਟ ਦਰਜਾ ਪਾ ਲੈਣਗੇ। ਇੱਥੇ ਰਹਿਣ ਵਾਲੇ ਵੀ ਹੋਣਗੇ ਤਾਂ ਵੀ ਰਾਜਾਈ ਵਿੱਚ ਬਹੁਤ ਘੱਟ ਪਦਵੀ ਪਾਉਣਗੇ। ਤੁਹਾਡੀ ਕਿੰਨੀ ਵਿਸ਼ਾਲ ਬੁੱਧੀ ਹੈ।

ਹੁਣ ਬੈਂਗਲੋਰ, ਮਦਰਾਸ ਦੇ ਬੱਚੇ ਬੈਠੇ ਹਨ, ਉਹਨਾਂ ਨੂੰ ਫਿਰ ਮਦਰਾਸੀ ਭਾਸ਼ਾ ਵਿੱਚ ਕੋਈ ਬੈਠ ਸਮਝਾਵੇਂ। ਸਾਡੀ ਭਾਸ਼ਾ ਤੇ ਹਿੰਦੀ ਹੈ। ਕਲਪ ਪਹਿਲੇ ਵੀ ਇਵੇਂ ਹੀ ਸਮਝਾਇਆ ਹੋਵੇਗਾ। ਕਹਿਣਗੇ ਭਗਵਾਨ ਸਭ ਭਾਸ਼ਾਵਾਂ ਕਿਉਂ ਨਹੀਂ ਜਾਣਦੇ! ਪਰ ਡਰਾਮੇ ਵਿੱਚ ਹੈ ਨਹੀਂ। ਡਰਾਮੇ ਵਿੱਚ ਹੁੰਦਾ ਤਾਂ ਮੈਂ ਸਭ ਭਾਸ਼ਾਵਾਂ ਵਿੱਚ ਭਾਸ਼ਣ ਕਰਦਾ। ਸਮਝੋ ਵੱਖ - ਵੱਖ ਭਾਸ਼ਾਵਾਂ ਵਾਲੇ ਬੈਠੇ ਹੋ ਤਾਂ ਕੀ ਮੈਂ ਸਭ ਭਾਸ਼ਾਵਾਂ ਵਿੱਚ ਬੈਠ ਬੋਲਾਂਗਾ ਕੀ? ਇਹ ਤਾਂ ਹੋ ਨਹੀਂ ਸਕਦਾ। ਇੱਕ - ਦੋ ਨੂੰ ਕਿਥੇ ਤੱਕ ਸੁਨਾਉਣਗੇ। ਘਮਾਸਾਨ ਹੋ ਜਾਏ। ਤਾਂ ਸਮਝਣਾ ਚਾਹੀਦਾ ਹੈ ਕਿ ਬਾਬਾ ਨੇ ਕਲਪ ਪਹਿਲੇ ਜਿਸ ਭਾਸ਼ਾ ਵਿੱਚ ਸਮਝਾਇਆ ਸੀ ਉਸੀ ਭਾਸ਼ਾ ਵਿੱਚ ਹੀ ਸਮਝਾਉਂਦੇ ਹਨ, ਇਸਲਈ ਹਿੰਦੀ ਦਾ ਜ਼ੋਰ ਹੈ। ਅੰਗਰੇਜ਼ੀ ਵੀ ਜਰੂਰੀ ਹੈ ਕਿਉਂਕਿ ਇਹਨਾਂ ਦਾ ਕਨੈਕਸ਼ਨ ਅੰਗਰੇਜ਼ੀ ਵਿੱਚ ਜਾਸਤੀ ਹੈ। ਰਸ਼ੀਆ, ਅਮੇਰਿਕਾ ਆਦਿ ਦੀ ਭਾਸ਼ਾ ਆਪਣੀ - ਆਪਣੀ ਹੈ। ਹੈ ਇੱਕ ਹੀ ਧਰਮ ਵਾਲੇ ਕ੍ਰਿਸ਼ਚਨ। ਪਰ ਭਾਸ਼ਾਵਾਂ ਬਹੁਤ ਹਨ। ਇੱਥੇ ਵੀ ਹਨ ਸਭ ਭਾਰਤਵਾਸੀ ਆਦਿ ਸਨਾਤਨ ਦੇਵੀ - ਦੇਵਤਾ ਧਰਮ ਵਾਲੇ ਪਰ ਆਪਣੇ ਧਰਮ ਨੂੰ ਭੁੱਲ ਗਏ ਹਨ। ਭਾਸ਼ਾਵਾਂ ਕਿੰਨੀਆਂ ਹੋ ਗਈਆਂ ਹਨ। ਸਭ ਮਿਕਸਚਰ ਹਨ। ਜਿਸਦੀ ਜੋ ਭਾਸ਼ਾ ਹੈ ਉਹਨਾਂ ਵਿੱਚ ਫਿਰ ਉਹਨਾਂ ਨੂੰ ਸੁਣਾਉਣਾ ਹੈ। ਇਸ ਵਿੱਚ ਵੀ ਬੜੀ ਹੁਸ਼ਿਆਰੀ ਚਾਹੀਦੀ ਹੈ, ਜੋ ਸਮਝਕੇ ਸਮਝਾਉਣ। ਸਾਥੀ ਅਜਿਹਾ ਨਾਲ ਲਿਆਉਣਾ ਚਾਹੀਦਾ ਹੈ ਜੋ ਐਕੁਰੇਟ ਸਮਝ ਸਕੇ। ਇਹ ਹੈ ਸਭਤੋਂ ਵੱਡਾ ਚੇਤੰਨ ਤੀਰਥ। ਉਹ ਸਭ ਹੈ ਜੜ੍ਹ ਤੀਰਥ। ਸਾਧੂ, ਸੰਤ, ਮਹਾਤਮਾ ਸਭ ਉੱਥੇ ਜਾਂਦੇ ਹਨ। ਬਹੁਤ ਦੂਰ - ਦੂਰ ਜਾਂਦੇ ਹਨ। ਜੋ ਭਾਰਤ ਨੂੰ ਪਾਵਨ ਬਣਾਕੇ ਗਏ ਹਨ ਉਹਨਾਂ ਦੇ ਮੰਦਿਰ ਵਿੱਚ ਜਾਂਦੇ ਹਨ। ਇਹ ਵੀ ਸਮਝਣ ਦੀਆਂ ਗੱਲਾਂ ਹਨ ਨਾ। ਬਾਪ ਕਹਿੰਦੇ ਹਨ ਝਾੜ ਦੀਆਂ ਟਾਲ, ਟਾਲੀਆਂ, ਪੱਤੇ ਉਸਦਾ ਵਿਸਤਾਰ ਕਿੰਨਾ ਸਮਝਾਵੇਂ! ਤੁਸੀਂ ਤਾਂ ਸਮਝ ਗਏ ਹੋ - ਇਹ ਛੋਟੇ - ਛੋਟੇ ਟਾਲ - ਟਾਲੀਆਂ ਹਨ। ਟਾਲੀ ਵਿੱਚ ਵੀ ਕਿੰਨੇ ਪੱਤੇ ਹੋਣਗੇ। ਅਥਾਹ ਮੱਠ ਪੰਥ ਹਨ। ਤੁਹਾਡਾ ਥੁਰ ਤਾਂ ਕਿੰਨਾ ਵੱਡਾ ਹੋਣਾ ਚਾਹੀਦਾ ਹੈ। ਕਿੰਨੇ ਪੱਤੇ ਹੋਣੇ ਚਾਹੀਦੇ ਹਨ। ਆਦਿ ਸਨਾਤਨ ਦੇਵੀ - ਦੇਵਤਾ ਧਰਮ ਸਤਿਯੁਗ ਤੋਂ ਲੈਕੇ ਚੱਲਿਆ ਆਇਆ ਹੈ। ਤਾਂ ਹਿੰਦੂ ਕਿੰਨੇ ਹੋਣਗੇ। ਪਰ ਹੁਦ੍ਰ ਵੀ ਨਹੀਂ ਰਹੇ ਹਨ, ਹੋਰ ਧਰਮਾਂ ਵਿੱਚ ਕੰਨਵਰਟ ਹੋ ਗਏ ਹਨ। ਇਹ ਹੈ ਕਲਪ ਵਰੀਕ੍ਸ਼, ਸ਼ੁਰੂ ਵਿੱਚ ਆਦਿ ਸਨਾਤਨ ਦੇਵੀ - ਦੇਵਤਾ ਧਰਮ ਵਾਲੇ ਸਨ। ਹਿੰਦੂ ਕਹਾਉਂਣ ਵਾਲੇ ਵੀ ਅਸਲ ਵਿੱਚ ਹਨ ਆਦਿ ਸਨਾਤਨ ਦੇਵੀ ਦੇਵਤਾ ਧਰਮ ਦੇ, ਪਰ ਕੰਨਵਰਟ ਹੋ ਗਏ ਹਨ। ਬਾਪ ਕਹਿੰਦੇ ਹੈ ਮੈਂ ਆਕੇ ਫਿਰ ਉਸ ਦੇਵੀ- ਦੇਵਤਾ ਕਹਾਉਣ ਵਾਲੇ ਧਰਮ ਦੀ ਸਥਾਪਨਾ ਕਰਦਾ ਹਾਂ। ਜੋ ਕੰਨਵਰਟ ਹੋ ਗਏ ਹਨ ਉਹ ਹੀ ਫਿਰ ਤੋਂ ਆਕੇ ਵਰਸਾ ਲੈਣਗੇ। ਜਦੋਂ ਦੇਵੀ - ਦੇਵਤਾ ਕਹਾਉਣ ਵਾਲਾ ਇੱਕ ਵੀ ਨਹੀਂ ਰਹਿੰਦਾ ਉਦੋ ਹੀ ਬਾਪ ਆਉਂਦੇ ਹਨ। ਆਕੇ ਸਮਝਾਉਂਦੇ ਹਨ - ਤੁਹਾਡੇ ਜੜ੍ਹ ਯਾਦਗਾਰ ਖੜੇ ਹਨ। ਕ੍ਰਾਇਸਟ ਆਉਂਦੇ ਹਨ ਤਾਂ ਉਹਨਾਂ ਦੇ ਧਰਮ ਦੀ ਚਰਚਾ ਆਦਿ ਹੁੰਦੀ ਨਹੀਂ। ਇੱਥੇ ਤਾਂ ਹੁਣ ਵੀ ਮੰਦਿਰ ਆਦਿ ਨਿਸ਼ਾਨੀ ਹੈ। ਤੁਹਾਡਾ ਜਦੋਂ ਰਾਜ ਹੋਵੇਗਾ ਤਾਂ ਕ੍ਰਾਇਸਟ ਆਦਿ ਦਾ ਨਾਮ - ਨਿਸ਼ਾਨ ਨਹੀਂ ਹੋਵੇਗਾ। ਇੱਥੇ ਤਾਂ ਸਭ ਦਾ ਨਾਮ - ਨਿਸ਼ਾਨ ਹੈ। ਤੁਸੀਂ ਜਾਣਦੇ ਹੋ ਕ੍ਰਾਇਸਟ ਕਦੋਂ ਆਇਆ, ਕ੍ਰਿਸ਼ਚਨ ਧਰਮ ਕਿਵੇਂ ਸਥਾਪਨ ਹੋਇਆ? ਕ੍ਰਾਇਸਟ ਹੁਣ ਕਿਸ

ਸ਼ਰੀਰ ਵਿੱਚ ਹੋਵੇਗਾ? ਜਰੂਰ ਪਤਿਤ ਸ਼ਰੀਰ ਵਿੱਚ ਹੀ ਹੋਵੇਗਾ। ਖੁਦ ਤਾਂ ਪਾਵਨ ਸੀ ਨਾ। ਤੁਸੀਂ ਬੱਚਿਆਂ ਦੀ ਬੁੱਧੀ ਵਿੱਚ ਸਾਰਾ ਗਿਆਨ ਹੈ। ਤੁਹਾਨੂੰ ਦੂਰਦੇਸ਼ੀ ਬਣਾਇਆ ਹੈ। ਅਸੀਂ ਆਤਮਾਵਾਂ ਕਿੱਥੇ ਰਹਿੰਦੀਆ ਹਾਂ? ਕਿਥੋਂ ਤੋਂ ਆਉਦੀਆਂ ਹਾਂ? ਇਹ ਕਿਸੇ ਨੂੰ ਪਤਾ ਨਹੀਂ ਹੈ। ਰਹਿਣ ਦੇ ਸਥਾਨ ਨੂੰ ਪਰਮਾਤਮਾ ਮੰਨ ਲਿਆ ਹੈ। ਅਸਲ ਵਿੱਚ ਆਤਮਾ ਝੂਠੀ ਬਣਨ ਨਾਲ ਕਾਇਆ ਵੀ ਝੂਠੀ ਬਣ ਜਾਂਦੀ ਹੈ। ਸਾਧੂ ਲੋਕ ਕਹਿ ਦਿੰਦੇ ਝੂਠੀ ਮਾਇਆ, ਝੂਠੀ ਕਾਇਆ ...

ਬਾਕੀ ਆਤਮਾ ਤੇ ਨਿਰਲੇਪ ਹੈ। ਆਪਣੇ ਮਤਲਬ ਦੀ ਗੱਲ ਕਹਿ ਦਿੰਦੇ ਹਨ। ਇਵੇਂ ਕਿਉਂ ਨਹੀਂ ਕਹਿੰਦੇ ਝੂਠੀ ਆਤਮਾ, ਝੂਠੀ ਆਤਮਾ ਦੀ ਕਾਇਆ। ਕਾਇਆ ਨੂੰ ਹੀ ਕਾਈ ਤੇ (ਅਰਥੀ ਤੇ) ਬਿਠਾਉਂਦੇ ਹਨ। ਆਤਮਾ ਨੂੰ ਤਾਂ ਕਾਈ (ਅਰਥੀ) ਤੇ ਨਹੀਂ ਬਿਠਾਉਂਦੇ ਹਨ। ਕਾਈ ਤੇ ਕਾਇਆ ਨੂੰ ਬਿਠਾਇਆ ਜਾਂਦਾ ਹੈ। ਆਤਮਾ ਨੇ ਤਾਂ ਇੱਕ ਕਾਇਆ ਨੂੰ ਛੱਡ ਦੂਸਰੀ ਕਾਇਆ ਵਿੱਚ ਜਾਕੇ ਪ੍ਰਵੇਸ਼ ਕੀਤਾ। ਇਹ ਸਮਝ ਦੀ ਗੱਲ ਹੈ। ਕੋਈ ਵੀ ਸਾਧੂ ਸੰਤ ਆਦਿ ਨੂੰ ਤੁਸੀਂ ਸਮਝਾ ਸਕਦੇ ਹੋ। ਇੱਥੇ ਪਤਿਤ ਦੁਨੀਆਂ ਵਿੱਚ ਕੋਈ ਵੀ ਮਹਾਤਮਾ ਨਹੀਂ ਹੈ। ਮਹਾਨ ਆਤਮਾਵਾਂ ਨੂੰ ਪਾਵਨ ਕਿਹਾ ਜਾਂਦਾ ਹੈ। ਤਾਂ ਸ਼ਰੀਰ ਵੀ ਪਾਵਨ ਚਾਹੀਦਾ ਹੈ। ਇਹ ਹੈ ਹੀ ਆਇਰਨ ਏਜਡ। ਪਰ ਕੰਨਿਆ ਜਦੋਂ ਤੱਕ ਵਿਕਾਰ ਵਿੱਚ ਨਹੀਂ ਗਈ ਤਾਂ ਪੂਜੀ ਜਾਂਦੀ ਹੈ। ਪਵਿੱਤਰਤਾ ਦੇ ਲਈ ਪੁਕਾਰਦੇ ਹਨ - ਆਕੇ ਸਾਨੂੰ ਪਾਵਨ ਪਵਿੱਤਰ ਬਣਾਓ। ਜਦੋਂਕਿ ਪੁਕਾਰਦੇ ਰਹਿੰਦੇ ਹਨ ਤਾਂ ਤੁਸੀਂ ਉਹਨਾਂ ਨੂੰ ਮਹਾਨ ਆਤਮਾ ਕਿਵੇਂ ਮੰਨ ਸਕਦੇ ਹੋ। ਮਹਾਤਮਾ ਤਾਂ ਕੋਈ ਹੈ ਨਹੀਂ। ਇਹ ਹੈ ਵਚਿੱਤਰ ਪਰਮਾਤਮਾ। ਤੁਸੀਂ ਜਾਣਦੇ ਹੋ ਅਸੀਂ ਜੋ ਪਾਵਨ ਜੀਵ ਆਤਮਾਵਾਂ ਦੇਵੀ - ਦੇਵਤਾ ਸੀ, ਹੁਣ ਪਤਿਤ ਬਣੇ ਹੋਏ ਹਾਂ। ਧਰਮ ਭ੍ਰਿਸ਼ਟ ਹਨ। ਕ੍ਰਿਸ਼ਚਨ ਲੋਕ ਆਪਣੇ ਧਰਮ ਨੂੰ ਜਾਣਦੇ ਹਨ। ਝੱਟ ਕਹਿਣਗੇ ਅਸੀਂ ਕ੍ਰਿਸ਼ਚਨ ਹਾਂ। ਤੁਸੀਂ ਉੱਚ ਤੇ ਉੱਚ ਧਰਮ ਵਾਲੇ ਆਪਣੇ ਧਰਮ ਨੂੰ ਭੁੱਲ ਗਏ ਹੋ। ਭੁੱਲ ਜਾਣ ਨਾਲ ਧਰਮ ਭ੍ਰਿਸ਼ਟ, ਕਰਮ ਭ੍ਰਿਸ਼ਟ ਬਣ ਗਏ ਹੋ। ਤੁਸੀਂ ਸ਼੍ਰੇਸ਼ਠਾਚਾਰੀ ਸੀ, ਹੁਣ ਰਾਵਣ ਨੇ ਭ੍ਰਿਸ਼ਟਾਚਾਰੀ ਕਰ ਦਿੱਤਾ ਹੈ। ਇਹ ਅਰਥ ਵੀ ਤੁਸੀਂ ਸਮਝ ਸਕਦੇ ਹੋ। ਤੁਸੀਂ ਬੱਚੇ ਹੁਣ ਆਪਣੀ ਭਵਿੱਖ ਉੱਚ ਤਕਦੀਰ ਬਣਾਉਣ ਦੀ ਪ੍ਰੇਰਣਾ ਧਾਰਨ ਕਰ ਰਹੇ ਹੋ। ਸ਼੍ਰੀਮਤ ਦਾ ਉਲੰਘਣ ਕਰਨ ਨਾਲ ਤਕਦੀਰ ਨੂੰ ਲਕੀਰ ਲਗ ਜਾਂਦੀ ਹੈ। ਇਹ ਵੀ ਭੁੱਲ ਜਾਂਦੇ ਹਨ ਕਿ ਸ਼੍ਰੀਮਤ ਦੇਣ ਵਾਲਾ ਬਾਪ ਹੈ। ਤਾਂ ਆਖਿਰ ਉਹ ਦਿਨ ਆਇਆ ਅੱਜ, ਇਹ ਤੁਸੀਂ ਜਾਣਦੇ ਹੋ। ਸਭ ਐਕਯੁਰੇਟ ਨਹੀਂ ਜਾਣਦੇ। ਅੰਤ ਵਿੱਚ ਜਾਨਣਗੇ, ਜਦੋਂ ਪੂਰੇ ਸਮਝ ਜਾਣਗੇ। ਹੁਣ ਤਾਂ ਘੜੀ - ਘੜੀ ਭੁੱਲ ਜਾਂਦੇ ਹਨ। ਮੁਸ਼ਕਿਲ ਕੋਈ ਸੱਚ ਦਸਦੇ ਹਨ। ਝੂਠ ਬੋਲਣ ਵਿੱਚ ਦੇਰੀ ਨਹੀਂ ਕਰਦੇ ਹਨ। ਮਾਇਆ ਚੰਗੇ - ਚੰਗੇ ਰੁਸਤਮ ਬੱਚਿਆਂ ਨੂੰ ਥੱਪੜ ਲਗਾ ਦਿੰਦੀ ਹੈ। ਬਾਪ ਤੇ ਸਭ ਜਾਣਦੇ ਹਨ, ਦੱਸਦੇ ਹਨ - ਤੁਸੀਂ ਭੁੱਲ ਕਰਦੇ ਹੋ, ਬੜੀ ਡਿਸਸਰਵਿਸ ਕਰਦੇ ਹੋ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਦੁਰਾਦੇਸ਼ੀ ਬਣ ਤਿੰਨਾਂ ਲੋਕਾਂ ਅਤੇ ਤਿੰਨਾਂ ਕਾਲਾ ਨੂੰ ਜਾਣ ਬੁੱਧੀ ਨਾਲ ਰੇਸ ਕਰਨੀ ਹੈ। ਇਸ ਛੀ -ਛੀ ਦੁਨੀਆਂ, ਛੀ - ਛੀ ਸ਼ਰੀਰ ਤੋਂ ਮੁਕਤ ਹੋਣਾ ਹੈ।

**2.** ਝੂਠ ਬੋਲਣ ਦੀ ਆਦਤ ਨੂੰ ਮਿਟਾਉਣਾ ਹੈ। ਸ਼੍ਰੀਮਤ ਦਾ ਉਲੰਘਣ ਕਰ ਡਿਸਸਰਵਿਸ ਨਹੀਂ ਕਰਨੀ ਹੈ।

ਵਰਦਾਨ:- ਲੌਕਿਕ ਵ੍ਰਿਤੀ ਦ੍ਰਿਸ਼ਟੀ ਦਾ ਪਰਿਵਰਤਨ ਕਰ ਅਲੌਕਿਕਤਾ ਦਾ ਅਨੁਭਵ ਕਰਨ ਵਾਲੇ ਗਿਆਨੀ ਤੂੰ ਆਤਮਾ ਭਵ
ਲੌਕਿਕ ਸੰਬੰਧਾਂ ਵਿੱਚ ਰਹਿੰਦੇ ਹੱਦ ਦੇ ਸੰਬੰਧ ਨੂੰ ਨਾ ਦੇਖ ਆਤਮਾ ਨੂੰ ਦੇਖੋ। ਆਤਮਾ ਦੇਖਣ ਨਾਲ ਜਾਂ ਤਾਂ ਖੁਸ਼ੀ ਹੋਵੇਗੀ ਜਾਂ ਰਹਿਮ ਆਏਗਾ। ਇਹ ਆਤਮਾ ਵਿਚਾਰੀ ਪ੍ਰਕਾਸ਼ ਹੈ, ਅਗਿਆਨ ਵਿੱਚ ਹੈ, ਅੰਜਾਣ ਆਤਮਾ ਤੇ ਰਹਿਮ ਕਰ ਆਪਣੀ ਸ਼ੁਭ ਭਾਵਨਾ ਨਾਲ ਬਦਲ ਕੇ ਦਿਖਾਵਾਂਗੀ। ਆਪਣੀ ਵ੍ਰਿਤੀ ਅਤੇ ਦ੍ਰਿਸ਼ਟੀ ਨੂੰ ਬਦਲਣਾ ਹੀ ਅਲੌਕਿਕ ਜੀਵਨ ਹੈ, ਜੋ ਕੰਮ ਅਗਿਆਨੀ ਕਰਦੇ ਉਹ ਤੁਸੀਂ ਗਿਆਨੀ ਤੂੰ ਆਤਮਾ ਨਹੀਂ ਕਰ ਸਕਦੇ। ਆਪਣੇ ਸੰਗ ਦਾ ਰੰਗ ਉਹਨਾਂ ਨੂੰ ਲਗਾਉਣਾ ਚਾਹੀਦਾ ਹੈ।

ਸਲੋਗਨ:- ਆਪਣੇ ਸ਼੍ਰੇਸ਼ਠ ਕਰਮ ਨਾਲ ਵਿਸ਼ਵ ਪਿਤਾ ਦਾ ਨਾਮ ਬਾਲਾ ਕਰਨਾ ਹੀ ਵਿਸ਼ਵ ਕਲਿਆਣਕਾਰੀ ਬਣਨਾ ਹੈ।

******